# 13 ਸਫ਼ਲਤਾ:

ਗਉੜੀ ਮਹਲਾ ੫ ॥

ਭਲੇ ਦਿਨਸ ਭਲੇ ਸੰਜੋਗ ॥

ਜਿਤੁ ਭੇਟੇ ਪਾਰਬ੍ਰਹਮ ਨਿਰਜੋਗ ॥੧॥

ਪੰਚਮ ਪਾਤਸ਼ਾਹ ਗਉੜੀ ਰਾਗ ਵਿਚ ਫ਼ੁਰਮਾਣ ਕਰਦੇ ਹਨ ਕਿ ਉਹ ਹੀ ਦਿਨ ਤੇ ਉਨ੍ਹਾਂ ਹੀ ਮਨੁਖਾਂ ਨਾਲ ਸੰਜੋਗ ਭਲੇ ਹਨ ਜਿਨ੍ਹਾਂ ਦੇ ਜ਼ਰੀਏ ਨਿਰਲੇਪ ਪ੍ਰਭੂ ਨਾਲ ਮਿਲਾਪ ਹੋ ਜਾਏ।੧।

ਓਹ ਬੇਲਾ ਕਉ ਹਉ ਬਲਿ ਜਾਉ ॥

ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥੧॥ ਰਹਾਉ ॥

ਮੈਂ ਉਸ ਵੇਲੇ ਤੋਂ ਕੁਰਬਾਨ ਜਾਂਦਾ ਹਾਂ ਜਿਸ ਸਮੇਂ ਮੇਰਾ ਮਨ ਵਾਹਿਗੁਰੂ ਦਾ ਨਾਮ ਜਪਦਾ ਹੈ, ਭਾਵ ਉਹੀ ਵੇਲਾ ਸਫਲ ਹੈ ਜਿਸ ਵੇਲੇ ਉਸ ਦਾ ਨਾਮ ਜਪਿਆ ਗਿਆ।੧।ਰਹਾਉ।

ਸਫਲ ਮੂਰਤੁ ਸਫਲ ਓਹ ਘਰੀ ॥

ਜਿਤੁ ਰਸਨਾ ਉਚਰੈ ਹਰਿ ਹਰੀ ॥੨॥

ਉਹ ਮਹੂਰਤ ਅਤੇ ਉਹ ਘੜੀਆਂ ਸਫ਼ਲ ਹਨ ਜਦੋਂ ਮੇਰੀ ਰਸਨਾ ਗੁਰੂ ਦਾ ਨਾਮ ਉਚਰਦੀ ਹੈ।੨।

ਇੰਨਾ ਹੀ ਨਹੀਂ, ਉਸਦਾ ਜਨਮ ਵੀ ਸਫ਼ਲਾ ਹੋ ਜਾਂਦਾ ਹੈ।
**ਗੁਰੂ ਰਾਮਦਾਸ ਸਾਹਿਬ ਜੀ** ਦਾ ਫ਼ੁਰਮਾਣ ਹੈ – 'ਵੇਲਾ ਸੋ ਮੂਰਤੁ ਸਫਲ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ।।'
ਜੋ ਨਾਮ ਜਪ ਜਪ ਕੇ ਉਸ ਨੂੰ ਆਪਣਾ ਅਧਾਰ ਬਣਾ ਲੈਂਦੇ ਹਨ – **ਗੁਰੂ ਅਮਰਦਾਸ ਸਾਹਿਬ ਜੀ** ਦਾ ਅਜਿਹਾ ਹੀ ਫ਼ੁਰਮਾਣ ਹੈ – 'ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ।।'

# ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥
# ਚਰਣ ਪੁਨੀਤ ਚਲਹਿ ਹਰਿ ਮਾਰਗਿ ॥੩॥

ਉਹ ਮੱਥਾ ਸਫ਼ਲ ਹੈ ਜੋ ਸੰਤ ਜਨ ਦੇ ਚਰਨਾਂ ਤੇ ਲਗ ਕੇ ਉਸ ਨੂੰ ਨਮਸਕਾਰ ਕਰਦਾ ਹੈ।
ਉਹ ਪੈਰ ਪਵਿਤਰ ਭਾਵ ਸਫ਼ਲੇ ਹਨ ਜੋ ਇੰਜ ਪ੍ਰਭੂ ਦੇ ਮਾਰਗ ਤੇ ਚਲ ਕੇ ਜਾਂਦੇ ਹਨ।੩।
ਸੁਖਮਨੀ ਸਾਹਿਬ ਵਿਚ **ਗੁਰੂ ਅਰਜਨ ਸਾਹਿਬ** ਦਾ ਫ਼ੁਰਮਾਣ ਹੈ – 'ਨਾਨਕ ਸਾਧ ਕੈ ਸੰਗਿ ਸਫਲ ਜਨੰਮ।।'

# ਕਹੁ ਨਾਨਕ ਭਲਾ ਮੇਰਾ ਕਰਮ ॥
# ਜਿਤੁ ਭੇਟੇ ਸਾਧੂ ਕੇ ਚਰਨ ॥੪॥੬੦॥੧੨੯॥

ਪੰਜਵੇਂ ਨਾਨਕ ਜੀ ਫ਼ੁਰਮਾਣ ਕਰਦੇ ਹਨ ਕਿ ਉਸਦਾ ਕੋਈ ਭਲਾ ਕੀਤਾ ਕਰਮ ਸਾਹਮਣੇ ਆ ਜਾਂਦਾ ਹੈ ਜੋ ਸਾਧੂ ਦੇ ਚਰਣ ਪਰਸਦਾ ਹੈ।੪।੬੦।੧੨੯। ਸੁਖਮਨੀ ਸਾਹਿਬ ਵਿਚ **ਗੁਰੂ ਅਰਜਨ ਸਾਹਿਬ** ਦਾ ਫ਼ੁਰਮਾਣ ਹੈ – 'ਨਾਨਕ ਸਾਧ ਭੇਟੇ ਸੰਜੋਗ।।'

Last modified: 2 Mar 2020